## ਐਮਰਜੈਂਸੀ ਕਾੱਲਾਂ

ਜੇ ਕੋਈ ਬਿਪਦਾ ਦੀ ਘੜੀ ਆਉਂਦੀ ਹੈ ਤਾਂ 999 ਨੰਬਰ ਤੇ ਫੋਨ ਕਰੋ। ਇਸ ਸੇਵਾ ਦੀ ਵਰਤੋਂ ਪੁਲਿਸ ਨੂੰ ਸੰਪਰਕ ਕਰਨ ਲਈ ਤਾਂ ਹੀ ਕਰਨੀ ਚਾਹੀਦੀ ਹੈ ਜੇ ਤੁਹਾਨੂੰ ਫੌਰਨ ਜਵਾਬੀ ਕਾਰਵਾਈ ਦੀ ਲੋੜ ਹੋਵੇ, ਯਾਨੀ ਜਦੋਂ ਕੋਈ ਜੁਰਮ ਕੀਤਾ ਜਾ ਰਿਹਾ ਹੋਵੇ ਜਾਂ ਜਦੋਂ ਕਿਸੇ ਦੇ ਸਿਰ ਤੇ ਫੌਰਨ ਖਤਰਾ ਮੰਡਲਾਉਂਦਾ ਹੋਵੇ। 999 ਸੇਵਾ ਅੱਗ ਬੁਝਾਉਣ ਅਤੇ ਬਚਾਅ ਕਰਨ, ਐਂਬੁਲੈਂਸ ਸੇਵਾ ਅਤੇ ਪੁਲਿਸ ਦੀ ਮਦਦ ਲਈ ਕੀਤੀਆਂ ਗਈਆਂ ਕਾੱਲਾਂ ਦਾ ਜਵਾਬ ਦੇਂਦੀ ਹੈ। ਇਸ ਲਈ ਕਾੱਲ ਦੇ ਸ਼ੁਰੂ ਵਿੱਚ ਹੀ ਤੁਹਾਨੂੰ ਦੱਸ ਦੇਣਾ ਚਾਹੀਦਾ ਹੈ ਕਿ ਤੁਹਾਨੂੰ ਕਿਹੜੀ ਸੇਵਾ ਦੀ ਲੋੜ ਹੈ, ਅਤੇ ਫੇਰ ਉਹ ਭਾਸ਼ਾ ਦੱਸੋ ਜਿਹੜੀ ਤੁਸੀਂ ਬੋਲਦੇ ਹੋ। 'ਲੈਂਗੁਏਜ ਲਾਈਨ ਸਰਵਿਸਿਜ਼' ਰਾਹੀਂ ਐਮਰਜੈਂਸੀ ਸੇਵਾਵਾਂ 170 ਭਾਸ਼ਾਵਾਂ ਵਿੱਚ ਅਨੁਵਾਦਕਾਂ ਦਾ ਪਰਬੰਧ ਕਰ ਸਕਦੀਆਂ ਹਨ।

## ਗੈਰ-ਐਮਰਜੈਂਸੀ ਹਾਲਾਤ

ਜੇ ਤੁਹਾਨੂੰ ਪੁਲਿਸ ਨੂੰ ਸੰਪਰਕ ਕਰਨ ਦੀ ਲੋੜ ਹੈ ਪਰ ਇਹ ਫੌਰਨ ਐਮਰਜੈਂਸੀ ਵਾਲੀ ਸਥਿਤੀ **ਨਹੀਂ ਹੈ** ਤਾਂ ਤੁਹਾਨੂੰ ਇਹ ਕਾਰਵਾਈ ਕਰਨੀ ਜ਼ਰੂਰੀ ਹੈ:

ਗੈਰ-ਐਮਰਜੈਂਸੀ ਹਾਲਾਤ ਲਈ ਇਸ ਨੰਬਰ ਤੇ (ਦਿਨ ਵਿੱਚ 24 ਘੰਟੇ, ਹਫਤੇ ਦੇ 7 ਦਿਨ) ਫੋਨ ਕਰੋ: 01642 326326

## ਕ੍ਰਾਇਮਸਟੌਪਰਜ਼

ਕ੍ਰਾਇਮਸਟੌਪਰਜ਼ (Crimestoppers) ਇੱਕ ਸੁਤੰਤਰ ਖੈਰਾਤੀ ਸੰਸਥਾ ਹੈ ਜੋ ਜੁਰਮ ਦੇ ਖਿਲਾਫ ਸਾਰੇ ਯੂਨਾਇਟਿਡ ਕਿੰਗਡਮ ਵਿੱਚ ਕੰਮ ਕਰ ਰਹੀ ਹੈ। ਜੇ ਤੁਹਾਡੇ ਕੋਲ ਕਿਸੇ ਜੁਰਮ ਬਾਰੇ ਅਜੇਹੀ ਜਾਣਕਾਰੀ ਹੈ ਜੋ ਤੁਸੀਂ ਗੁਪਤ ਅਤੇ ਗੁਮਨਾਮ ਤਰੀਕੇ ਨਾਲ ਦੇਣਾ ਚਾਹੋਗੇ ਤਾਂ ਫਰੀ ਫੋਨ ਨੰਬਰ 0800 555 111 ਤੇ ਕਾੱਲ ਕਰੋ।

## ਆਤੰਕਵਾਦ ਦੀਆਂ ਸਰਗਰਮੀਆਂ ਦੀ ਸੂਚਨਾ ਦੇਣਾ

ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਕਿਸੇ ਵਿਅਕਤੀ ਨੂੰ ਸੰਦੇਹਜਨਕ ਤਰੀਕੇ ਨਾਲ ਕੰਮ ਕਰਦੇ ਵੇਖਿਆ ਹੈ, ਜਾਂ ਜੇ ਤੁਸੀਂ ਕੋਈ ਗੱਡੀ, ਬਿਨਾ ਨਿਗਰਾਨੀ ਛੱਡਿਆ ਗਿਆ ਪੈਕੇਜ ਜਾਂ ਬੈਗ ਵੇਖਦੇ ਹੋ ਜੋ ਖਤਰੇ ਦਾ ਕਾਰਨ ਹੋ ਸਕਦੇ ਹੋਣ, ਤਾਂ ਉੱਥੋਂ ਫੌਰਨ ਚਲੇ ਜਾਉ ਅਤੇ 999 ਨੰਬਰ ਤੇ ਫੌਰਨ ਕਰੋ।

ਆਤੰਕੀ ਖਤਰਾ ਹਾਲਾਂ ਵੀ ਇੱਕ ਸੱਚਾਈ ਹੈ ਅਤੇ ਇਸ ਮਾਮਲੇ ਵਿੱਚ ਢਿੱਲ ਲਈ ਕੋਈ ਥਾਂ ਨਹੀਂ ਹੈ। ਲੋਕਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਅਤੇ ਆਪਣੇ ਆਲੇ-ਦੁਆਲੇ ਬਾਰੇ ਹਰ ਵੇਲੇ ਜਾਗਰੂਕ ਰਹਿਣਾ ਜ਼ਰੂਰੀ ਹੈ। ਜੇ ਤੁਹਾਨੂੰ ਕੋਈ ਗੱਲ ਸੰਦੇਹਜਨਕ ਅਤੇ ਅਜੀਬ ਜਾਪਦੀ ਹੈ ਤਾਂ ਆਪਣੇ ਸਹਿਜ ਬੋਧ ਤੇ ਵਿਸ਼ਵਾਸ ਕਰੋ ਅਤੇ ਪੁਲਿਸ ਨੂੰ ਫੋਨ ਕਰੋ।

## ਆਤੰਕ-ਵਿਰੋਧੀ ਹੌਟਲਾਈਨ: 0800 789 321

ਜੇ ਤੁਹਾਨੂੰ ਕਿਸੇ ਵਿਅਕਤੀ ਦੀਆਂ ਸਰਗਰਮੀਆਂ ਜਾਂ ਵਤੀਰੇ ਬਾਰੇ ਸ਼ੱਕ ਹੈ, ਜਾਂ ਜੇ ਤੁਹਾਡੇ ਕੋਲ ਕੋਈ ਢੁਕਵੀਂ ਸਾਬਤ ਹੋ ਸਕਣ ਵਾਲੀ ਜਾਣਕਾਰੀ ਹੈ ਤਾਂ ਆਤੰਕ-ਵਿਰੋਧੀ ਹੌਟਲਾਈਨ 0800 789 321 ਤੇ ਫੋਨ ਕਰੋ। ਇਸ ਗੱਲ ਦਾ ਫੈਸਲਾ ਪੁਲਿਸ ਨੂੰ ਕਰਨ ਦਿਉ ਕਿ ਤੁਹਾਡੇ ਕੋਲ ਮੌਜੂਦ ਜਾਣਕਾਰੀ ਮਹੱਤਵਪੂਰਨ ਹੈ ਜਾਂ ਨਹੀਂ। ਅਸਲ ਵਿੱਚ, ਮਾਮੂਲੀ ਦਿੱਸਣ ਵਾਲੀ ਚੀਜ਼ ਵੀ ਇੱਕ ਵੱਡੀ ਜਾਂਚ ਪੜਤਾਲ ਵਿੱਚ ਇੱਕ ਮਹੱਤਵਪੂਰਨ ਕੜੀ ਦਾ ਕੰਮ ਦੇ ਸਕਦੀ ਹੈ।

ਜੇ ਤੁਹਾਡੇ ਕੋਲ ਆਤੰਕ ਦੀਆਂ ਸੰਭਾਵੀ ਸਰਗਰਮੀਆਂ ਬਾਰੇ ਕੋਈ ਜਾਣਕਾਰੀ ਹੈ ਤਾਂ ਗੁਪਤ ਆਤੰਕ-ਵਿਰੋਧੀ ਹੌਟਲਾਈਨ 0800 789 321 ਤੇ ਫੋਨ ਕਰੋ।
ਬੰਬਾਂ ਦੇ ਸੰਭਾਵੀ ਹਮਲਿਆਂ ਜਾਂ ਦੂਜੇ ਖਤਰਿਆਂ ਨੂੰ ਰੋਕਣ ਲਈ ੯੯੯ ਨੰਬਰ ਤੇ ਫੋਨ ਕਰੋ।

ਅਨੁਵਾਦ ਸੇਵਾ
ਜੇ ਤੁਸੀਂ ਇਸ ਵੈਬਸਾਈਟ ਦੇ ਕਿਸੇ ਭਾਗ ਜਾਂ ਦਸਤਾਵੇਜ਼ ਦਾ ਕਿਸੇ ਦੂਜੀ ਭਾਸ਼ਾ ਵਿੱਚ ਅਨੁਵਾਦ, ਉਸਦਾ ਆਡੀਓ ਰੂਪ, ਬ੍ਰੇਲ ਰੂਪ ਜਾਂ ਵੱਡੇ ਅੱਖਰਾਂ ਵਿੱਚ ਪ੍ਰਿੰਟ ਚਾਹੁੰਦੇ ਹੋ ਤਾਂ ਹੇਠਲੀ ਜਾਣਕਾਰੀ ਦੇ ਨਾਲ ਈ-ਮੇਲ ਭੇਜੋ:

- ਲੋੜੀਂਦਾ ਪ੍ਰਕਾਸ਼ਨ/ਭਾਗ
- ਲੋੜੀਂਦੀ ਭਾਸ਼ਾ
- ਆਪਣਾ ਨਾਂ ਅਤੇ ਉਪ-ਨਾਂ
- ਪਤਾ
- ਈ-ਮੇਲ
- ਤੁਸੀਂ ਜਾਣਕਾਰੀ ਕਿਸ ਤਰ੍ਹਾਂ ਪ੍ਰਾਪਤ ਕਰਨਾ ਚਾਹੋਗੇ?

ਜੇ ਕਲੀਵਲੈਂਡ ਪੁਲਿਸ ਦੇ ਤੁਹਾਡੇ ਨਾਲ ਵਤੀਰੇ ਤੋਂ ਜਾਂ ਉਹਨਾਂ ਤੋਂ ਮਿਲਣ ਵਾਲੀ ਕਿਸੇ ਸੇਵਾ ਤੋਂ ਤੁਸੀਂ ਖ਼ੁਸ਼ ਨਹੀਂ ਹੋ, ਤਾਂ ਦਿੱਤੇ ਗਏ ਇਸ ਲਿੰਕ ਜਾ ਕੇ ਉਹ ਫ਼ਾਰਮ ਭਰੋ ਜਿਹਦੇ ਨਾਲ ਤੁਸੀਂ ਆਪਣੀ ਨਾਰਾਜ਼ਗੀ ਈਮੇਲ ਰਾਹੀਂ ਕਲੀਵਲੈਂਡ ਪੁਲਿਸ ਨੂੰ ਭੇਜ ਸਕਦੇ ਹੋ, (http://www.cleveland.police.uk/contact-us/dissatisfaction.aspx), ਜਾਂ ਤੁਸੀਂ ਕੰਟ੍ਰੋਲ ਰੂਮ ਨਾਲ ਫ਼ੋਨ ਨੰਬਰ 01642 326326 'ਤੇ ਗੱਲ ਕਰ ਸਕਦੇ ਹੋ। ਸਾਡੀ ਕੋਸ਼ਿਸ਼ ਹੁੰਦੀ ਹੈ ਤੁਹਾਡੀ ਨਾਰਾਜ਼ਗੀ ਬਾਰੇ ਸੁਣਨ ਮਗਰੋਂ ਅਸੀਂ 24 ਘੰਟਿਆਂ ਦੇ ਅੰਦਰ ਇਹਦੇ ਪਹੁੰਚਣ ਬਾਰੇ ਤੁਹਾਨੂੰ ਦੱਸੀਏ। ਪਰ ਕਿਰਪਾ ਕਰਕੇ ਇਹ ਸਮਝ ਲੈਣਾ ਕਿ ਜੇ ਤੁਸੀਂ ਅੰਗਰੇਜ਼ੀ ਤੋਂ ਬਿਨਾਂ ਕਿਸੇ ਹੋਰ ਬੋਲੀ ਵਿਚ ਨਾਰਾਜ਼ਗੀ ਜ਼ਾਹਿਰ ਕੀਤੀ ਹੈ, ਤਾਂ ਤੁਹਾਡੀ ਈਮੇਲ ਦਾ ਅਰਥ ਸਮਝਣ ਵਿਚ ਸਾਨੂੰ ਕੁਝ ਦੇਰ ਲਗ ਸਕਦੀ ਹੈ। ਜੇ ਕਿਸੇ ਮੁਸੀਬਤ ਬਾਰੇ ਖ਼ਬਰ ਦੇਣੀ ਹੈ ਤਾਂ ਤੁਸੀਂ ਇਸ ਸਹੂਲਤ ਦੀ ਵਰਤੋਂ ਨਾ ਕਰੋ, ਸਗੋਂ ਇਸ ਹਾਲਤ ਵਿਚ ਨੰਬਰ 999 'ਤੇ ਫ਼ੋਨ ਕਰੋ।

ਜੇ ਤੁਸੀਂ ਸਾਡੇ ਸਟਾਫ਼ ਦੇ ਕਿਸੇ ਮੈਂਬਰ ਦੇ ਖ਼ਿਲਾਫ਼ ਰਸਮੀ ਤੌਰ 'ਤੇ ਸ਼ਿਕਾਇਤ ਕਰਨੀ ਹੈ, ਤਾਂ ਇਹ ਕੰਮ ਤੁਸੀਂ ਕਈ ਢੰਗਾਂ ਨਾਲ ਕਰ ਸਕਦੇ ਹੋ, ਜਿਵੇਂ ਕਿ -

- ਉੱਪਰ ਦੱਸੇ ਨੰਬਰ 'ਤੇ ਸਾਡੇ ਕੰਟ੍ਰੋਲ ਰੂਮ ਨਾਲ ਗੱਲ ਕਰੋ,
- ਕਲੀਵਲੈਂਡ ਪੁਲਿਸ ਪ੍ਰੋਫ਼ੈਸ਼ਨਲ ਸਟੈਂਡਰਡਜ਼ ਡਿਪਾਰਟਮੈਂਟ ਨੂੰ ਨੰਬਰ 01642 306834 'ਤੇ ਫ਼ੋਨ ਕਰੋ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 4 ਵਜੇ ਤਕ),
- ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਪੰਜਾਬੀ ਵਿਚ ਚਾਹੀਦੀ ਹੈ ਤਾਂ ਹੇਠਾਂ ਵਾਲੇ ਲਿੰਕ ਤੋਂ ਇੰਡੀਪੈਂਡੈਂਟ ਪੁਲਿਸ ਕੰਪਲੇਂਟਸ ਕਮਸ਼ਿਨ (ਆਈ ਪੀ ਸੀ ਸੀ) (The Independent Police Complaints Commission (IPCC)) ਦੀ ਵੈੱਬਸਾਈਟ 'ਤੇ ਜਾਓ।

ਆਈ ਪੀ ਸੀ ਸੀ ਦੀ ਵੈੱਬਸਾਈਟ 'ਤੇ ਸ਼ਿਕਾਇਤ ਕਰਨ ਬਾਰੇ ਮੁਕੰਮਲ ਜਾਣਕਾਰੀ ਕਈ ਬੋਲੀਆਂ ਵਿਚ ਦਿੱਤੀ ਗਈ ਹੈ, ਜਿਹਨਾਂ ਵਿਚ ਪੰਜਾਬੀ ਵੀ ਸ਼ਾਮਿਲ ਹੈ। ਇੰਡੀਪੈਂਡੈਂਟ ਪੁਲਿਸ ਕੰਪਲੇਂਟਸ ਕਮਸ਼ਿਨ (ਆਈ ਪੀ ਸੀ ਸੀ) ਪੁਲਿਸ ਤੋਂ ਪੂਰੀ ਤਰ੍ਹਾਂ ਸੁਤੰਤਰ ਹੈ। ਇਹਦੀ ਜ਼ਿੰਮੇਦਾਰੀ ਇਹ ਯਕੀਨੀ ਬਣਾਉਣਾ ਹੈ ਕਿ ਪੁਲਿਸ ਅਫ਼ਸਰਾਂ ਅਤੇ ਪੁਲਿਸ ਸਟਾਫ਼ ਦੇ ਖ਼ਿਲਾਫ਼ ਆਈਆਂ ਸ਼ਿਕਾਇਤਾਂ ਬਾਰੇ ਸਹੀ ਢੰਗ ਨਾਲ ਜਾਂਚ ਪੜਤਾਲ ਹੋਵੇ, ਅਤੇ ਇਹ ਯਕੀਨੀ ਬਣਾਉਣਾ ਵੀ ਕਿ ਗ਼ਲਤ ਵਤੀਰੇ ਬਾਰੇ ਆਈਆਂ ਸ਼ਿਕਾਇਤਾਂ ਅਤੇ ਇਲਜ਼ਾਮਾਂ ਨਾਲ ਨਿਪਟਣ ਲਈ ਢੁੱਕਵੇਂ ਪ੍ਰਬੰਧ ਵੀ ਕੀਤੇ ਜਾਣ।